a2zpapers.com

Exam. Code : 108506
Subject Code : 2217

## B.Com. 6th Semester

## PUNJABI COMPULSORY

## Paper—BCG–602 (i)

Time Allowed—3 Hours] [Maximum Marks—50

1. ਹੇਠ ਲਿਖੀਆਂ ਕਾਵਿ-ਸਤਰਾਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ॥
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ੍ਹ ਨਾਮ ਤੇ ਭੁਇ ਭਾਰੁ ਥੀਏ॥

(ਅ) ਭਲਾ ਭਇਆ ਮੇਰਾ ਚਰਖਾ ਭੰਨਾ,
ਮੇਰੀ ਜਿੰਦ ਅਜ਼ਾਬੋਂ ਛੁੱਟੀ।
ਕਹੈ ਹੁਸੈਨ ਫਕੀਰ ਸਾਈਂ ਦਾ,
ਸਭ ਦੁਨੀਆਂ ਜਾਂਦੀ ਡਿੱਠੀ। 10

2. ਕਿਸੇ **ਇਕ** ਪ੍ਰਸ਼ਨ ਦਾ ਉੱਤਰ ਦਿਓ :

(ੳ) ਕੀ 'ਧਰਤੀਆਂ ਦਾ ਗੀਤ' ਪੁਸਤਕ ਇਕ ਸਫਲ ਸਫਰਨਾਮਾ ਹੈ ? ਵਿਚਾਰ ਕਰੋ।

(ਅ) 'ਧਰਤੀਆਂ ਦਾ ਗੀਤ' ਸਫਰਨਾਮੇ ਵਿਚ ਲੇਖਕ ਨੇ ਜਿਹੜੇ ਵੱਖ-ਵੱਖ ਸਭਿਆਚਾਰਾਂ ਦਾ ਵਰਣਨ ਕੀਤਾ ਹੈ, ਉਹਨਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ। 10



www.a2zpapers.com
www.a2zpapers.com www.a2zpapers.com
oad free old Question papers gndu, ptu hp board, punjab

a2zpapers.com

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਤੇ ਲੇਖ ਲਿਖੋ :

(ੳ) ਗੁਰੂ ਨਾਨਕ ਦੇਵ ਜੀ ਦੁਆਰਾ ਆਖੀ ਗਈ 'ਉੱਤਮ ਖੇਤੀ' ਅੱਜ ਘਾਟੇ ਵਾਲਾ ਧੰਦਾ ਕਿਉਂ ਬਣ ਗਈ ਹੈ ? ਵਿਚਾਰ ਕਰੋ।

(ਅ) ਪੰਜਾਬ ਦੇ ਪੁਰਾਤਰਨ ਮੇਲੇ ਕਿਹੜੇ ਸਨ ਅਤੇ ਅੱਜਕਲ੍ਹ ਇਹਨਾਂ ਦੀ ਸ਼ਾਨੋ-ਸ਼ੌਕਤ ਕਿਉਂ ਘਟ ਗਈ ਹੈ ?

(ੲ) ਪੰਜਾਬ ਦਾ ਵਿੱਦਿਅਕ ਮਿਆਰ ਦੇਸ਼ ਵਿਚ ਪਹਿਲੇ ਸਥਾਨ ਤੇ ਕਿਉਂ ਨਹੀਂ ਹੈ, ਵਿਚਾਰ ਕਰੋ। 5

4. ਹੇਠ ਲਿਖੇ ਪੈਰ੍ਹੇ ਦੀ ਇਕ-ਤਿਹਾਈ ਸ਼ਬਦਾਂ ਵਿਚ ਸੰਖੇਪ ਰਚਨਾ ਕਰੋ ਅਤੇ ਨਾਲ ਹੀ ਢੁੱਕਵਾਂ ਸਿਰਲੇਖ ਵੀ ਦਿਓ :

ਅਸੀਂ ਅਜੇ ਤਕ ਵਕਤ ਦਾ ਮੁੱਲ ਪਾਣਾ ਨਹੀਂ ਸਿੱਖੇ। ਜੇ ਘਰਾਂ ਵਿਚ ਅਸੀਂ ਵਕਤ ਦੀ ਕਦਰ ਕਰਨ ਦੀ ਆਦਤ ਪਾਵਾਂਗੇ ਤਾਂ ਹੀ ਅਸੀਂ ਇਹ ਆਸ ਕਰ ਸਕਦੇ ਹਾਂ ਕਿ ਸਾਡੇ ਪਬਲਿਕ ਜਲਸੇ ਤੇ ਦੀਵਾਨ ਵੇਲੇ ਸਿਰ ਸ਼ੁਰੂ ਹੋਇਆ ਕਰਨਗੇ। ਇਸ ਗੱਲ ਦੀ ਬਦਨਾਮੀ ਖੱਟ ਲਉ ਕਿ ਤੁਸੀਂ ਵਕਤ ਦੇ ਬੜੇ ਪੱਕੇ ਹੋ, ਜਿੱਥੇ ਤੁਸਾਂ ਜਾਣਾ ਹੋਵੇਗਾ, ਉੱਥੇ ਤੁਹਾਡੀ ਵਕਤ ਸਿਰ ਉਡੀਕ ਹੋਵੇਗੀ, ਜਿਸ ਨੇ ਤੁਹਾਡੇ ਘਰ ਆਉਣਾ ਹੋਵੇਗਾ, ਉਹ ਵੀ ਡਰਦਾ ਮਾਰਿਆ ਵੇਲੇ ਸਿਰ ਪਹੁੰਚੇਗਾ। ਤੁਸੀਂ ਲੋਕਾਂ ਨੂੰ ਸਬਕ ਸਿਖਾਉ, ਉਨ੍ਹਾਂ ਨਾਲ ਆਉਣ ਜਾਣ ਦਾ ਵਕਤ ਮੁਕੱਰਰ ਕਰੋ, ਆਪ ਪੂਰੇ ਵਕਤ ਤੇ ਪਹੁੰਚੋ ਤੇ ਜੇ ਦੂਜਾ ਨੀਅਤ ਵਕਤ ਤੇ ਨਾ ਆਵੇ ਤਾਂ ਉਸੀਂ ਉਡੀਕ ਨਾ ਕਰੋ, ਆਪਣੇ ਕੰਮ ਲੱਗ ਜਾਵੋ। ਤੁਹਾਨੂੰ ਭੈੜਾ ਚੰਗਾ ਕਹਿ ਕੇ ਲੋਕ ਆਪ ਸਿੱਧੇ ਹੋ ਜਾਣਗੇ। ਜਿਨ੍ਹਾਂ ਪ੍ਰੋਗਰਾਮਾਂ ਦੇ ਪ੍ਰਬੰਧ ਵਿਚ ਤੁਹਾਡਾ ਹੱਥ ਹੈ, ਉਹ ਵਕਤ ਸਿਰ ਆਰੰਭ ਕਰ ਦਿਓ, ਸਰੋਤਿਆਂ ਦੀ ਉਡੀਕ ਨਾ ਕਰੋ। ਇਕ ਦੋ ਵਾਰ ਤੁਹਾਨੂੰ ਤਕਲੀਫ ਹੋਵੇਗੀ, ਫਿਰ ਤੁਹਾਡੇ ਪ੍ਰੋਗਰਾਮਾਂ ਤੇ ਲੋਕ ਆਪ ਵਕਤ ਸਿਰ ਪਹੁੰਚ ਜਾਇਆ ਕਰਨਗੇ। ਐਸੇ ਲੈਕਚਰਾਰ ਤੇ ਪ੍ਰਧਾਨ ਨਾ ਚੁਣੋ, ਜੋ ਵਕਤ ਦੀ ਕਦਰ ਕਰਨਾ ਨਹੀਂ ਜਾਣਦੇ। ਜੇ ਉਹ ਵੇਲੇ ਸਿਰ ਨਾ

www.a2zpapers.com



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਪਹੁੰਚਣ, ਤਾਂ ਤੁਸੀਂ ਉਨ੍ਹਾਂ ਦੀ ਉਡੀਕ ਨਾ ਕਰੋ, ਕਾਰਵਾਈ ਸ਼ੁਰੂ ਕਰ ਦਿਓ। ਇਸੇ ਤਰ੍ਹਾਂ ਹੀ ਅਸੀਂ ਆਮ ਜਨਤਾ ਨੂੰ ਵਕਤ ਦੀ ਕਦਰ ਕਰਨਾ ਸਿਖਾ ਸਕਦੇ ਹਾਂ। ਕਿਸੇ ਵੱਡੇ-ਛੋਟੇ ਦੀ ਪ੍ਰਵਾਹ ਨਾ ਕਰੋ, ਅਸੂਲ ਸਭ ਤੋਂ ਵੱਡੀ ਚੀਜ਼ ਹੈ। ਵਕਤ ਤੋਂ ਖੁੰਝਣਾ ਰੁਝੇਵੇਂ ਦੀ ਨਿਸ਼ਾਨੀ ਨਹੀਂ, ਇਹ ਅਣਗਹਿਲੀ ਦੀ ਨਿਸ਼ਾਨੀ ਹੈ ਜਾਂ ਬੇਸਮਝੀ ਤੇ ਬੇਤਰੀਕਾ ਰੁਝੇਵਿਆਂ ਦੀ। ਜਦੋਂ ਇਹ ਸਭ ਕੁਝ ਸਿੱਖ ਲਵਾਂਗੇ, ਤਾਂ ਸਮਝ ਲਓ ਅਸੀਂ ਵੀ ਸਭਿਅਤਾ ਦੀ ਪੌੜੀ ਤੇ ਚੜ੍ਹ ਰਹੇ ਹਾਂ। 5

5. ਉਚਾਰਣ ਵਿਧੀ ਦੇ ਆਧਾਰ ਤੇ ਪੰਜਾਬੀ ਵਿਅੰਜਨਾ ਦਾ ਵਰਗੀਕਰਣ ਕਰੋ। 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ :

(ੳ) ਫਰੀਦ ਸਾਹਿਬ ਸਭ ਤੋਂ ਮਿੱਠੀ ਵਸਤ ਕਿਸ ਨੂੰ ਕਹਿੰਦੇ ਹਨ ?

(ਅ) ਵਾਰਿਸ ਸ਼ਾਹ ਨੂੰ ਯਾਰ ਕਿਸ ਗੱਲ ਦੀ ਫਰਮਾਇਸ਼ ਕਰਦੇ ਹਨ ?

(ੲ) 'ਧਰਤੀਆਂ ਦੇ ਗੀਤ' ਸਫਰਨਾਮੇ ਦੇ ਲੇਖਕ ਨਾਲ ਸਿੰਗਾਪੁਰ ਦੇ ਹਵਾਈ ਅੱਡੇ ਤੇ ਕੀ ਘਟਨਾ ਵਾਪਰੀ ਸੀ ?

(ਸ) ਅੰਡੇਮਾਨ ਨਿਕੋਬਾਰ ਦੀਪ ਸਮੂਹ ਤੇ ਕਿਹੜੇ-ਕਿਹੜੇ ਕਬੀਲੇ ਵੱਸਦੇ ਹਨ ?

(ਹ) ਕਾਵਿ-ਗੌਰਵ ਪੁਸਤਕ ਦੇ ਪਹਿਲੇ ਛੇ ਕਵੀਆਂ ਦੇ ਨਾਮ ਲਿਖੋ। 2×5=10



www.a2zpapers.com www.a2zpapers.com
oad free old Question papers gndu, ptu hp board, punjab